ਦਫ਼ਤਰ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।

(ਪ੍ਰਮੋਸ਼ਨ ਸੈਲ)

ਹੁਕਮ ਨੰਬਰ (ਈ-539042/2023)/(ਪੀ-3)/

ਮਿਤੀ, ਐਸ.ਏ.ਐਸ.ਨਗਰ- 24-12-2025

ਵਿਭਾਗੀ ਨਿਯਮ "Punjab Educational (Teaching Cadre) Group 'C' Service Rules 2018, Punjab Educational (Teaching Cadre) Group 'C' Service (First Amendment) Rules, 2020 and Punjab Educational (Teaching Cadre) Group 'C' Service (Amendment) Rules, 2021" ਅਤੇ ਨੋਟੀਫਿਕੇਸ਼ਨ / ਮਿਤੀ 09.09.2024 ਦੀ ਰੌਸ਼ਨੀ ਵਿੱਚ ਹੇਠ ਲਿਖੇ ਜੇ.ਬੀ.ਟੀ. / ਈ.ਟੀ.ਟੀ. ਕਾਡਰ ਦੇ ਕਰਮਚਾਰੀਆਂ ਦੀਆਂ ਪਦ-ਉੱਨਤੀਆਂ ਬਤੌਰ ਸੰਗੀਤ ਮਾਸਟਰ ਕਾਡਰ ਕੀਤੀਆਂ ਜਾਂਦੀਆਂ ਹਨ-

Sr No	E-punjab Staff I D	Name of the Employee	Designation	School Name	Block	District	Category	Category as per roster point
1	973975832	NEERJA RANI	ETT	GPS PREM NAGARI	ABOHAR 1	FAZILKA	GENERAL	OPEN
2	257215369	Monika	ETT	GES Sahib Nagar Theri	PATIALA-1	PATIALA	General	OPEN
3	376517197	SUNIL KUMAR	HT	GPS CHAK BANDI WALA	JALALABAD -2	FAZILKA	GENRAL	OPEN
4	485935727	Ajay Kumar	ETT	GPS Khurshaidpur	Nakoder-01	JALANDHAR	General	OPEN
5	151871624	SANDEEP KUMAR	ETT	BRANCH NO 2	BATALA-2	GURDASPUR	SC(R&O)	OPEN
6	361447770	Ritu Dhawan	ETT	GPS Model House	West-1	JALANDHAR	General	OPEN
7	510051619	SEEMA	ETT	GPS SALEMPUR MUSALMANA	WEST-2	JALANDHAR	SC R & O	OPEN
8	717451119	Neeru	ETT	GPS kishanpura	EAST 01	JALANDHAR	SC	RES SC
9	945237930	Gurinder Singh	ETT	GPS Paragpur	EAST 01	JALANDHAR	SC (R&O)	RES SC
10	881013867	GEETIKA SHARMA	ETT	NEW YADWINDERA COLONY	PATIALA-2	PATIALA	HANDICAPT	RES HC

ਸ਼ਰਤਾਂ-

1) ਸਬੰਧਤ ਕਰਮਚਾਰੀ ਆਪਣੇ ਪਦ-ਉੱਨਤੀ ਵਾਲੇ ਵਿਸ਼ੇ ਨਾਲ ਸੰਬੰਧਤ ਸਾਰੀਆਂ ਵਿੱਦਿਅਕ ਯੋਗਤਾਵਾਂ (ਸਮੇਤ ਬੀ.ਏ. ਅਤੇ ਬੀ.ਐਡ. ਐਡੀਸ਼ਨਲ ਵਿਸ਼ੇ ਦੇ) ਕਟ-ਆਫ਼ ਮਿਤੀ 02.06.2025 ਤੱਕ ਪੂਰੀਆਂ ਕਰਦੇ ਹੋਣ। ਜੇਕਰ ਬਾਅਦ ਵਿੱਚ ਅਜਿਹਾ ਪਾਇਆ ਗਿਆ ਕਿ ਕਿਸੇ ਕਰਮਚਾਰੀ ਨੇ ਆਪਣੀ ਵਿੱਦਿਅਕ ਯੋਗਤਾ ਕਟ-ਆਫ਼ ਮਿਤੀ ਤੋਂ ਬਾਅਦ ਪ੍ਰਾਪਤ ਕੀਤੀ ਹੈ ਤਾਂ ਅਜਿਹੇ ਕਰਮਚਾਰੀ ਦੀ ਪਦ-ਉੱਨਤੀ ਤੁਰੰਤ ਪ੍ਰਭਾਵ ਤੋਂ ਰੱਦ ਸਮਝੀ ਜਾਵੇਗੀ ਅਤੇ ਤੱਥ ਛੁਪਾਉਣ/ ਗਲਤ ਪਦ-ਉੱਨਤੀ ਕਲੇਮ ਕਰਨ ਦੇ ਦੋਸ਼ ਅਧੀਨ ਉਸ ਦੇ ਵਿਰੁੱਧ ਵਿਭਾਗੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

2) ਇਹ ਪਦ-ਉੱਨਤੀਆਂ ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਸੰਬੰਧਤ ਸੇਵਾ ਨਿਯਮਾਂ ਅਧੀਨ ਬੈਚ-ਵਾਈਜ਼ ਮੈਰਿਟ ਅਨੁਸਾਰ ਕੀਤੀਆਂ ਗਈਆਂ ਹਨ। ਜੇਕਰ ਕਿਸੇ ਵੀ ਸਟੇਜ ਤੇ ਕਰਮਚਾਰੀ ਦੇ ਵੇਰਵੇ (ਮੁਢਲੀ ਭਰਤੀ ਦਾ ਬੈਚ, ਮੈਰਿਟ ਅੰਕ ਆਦਿ) ਗਲਤ ਪਾਏ ਗਏ, ਜਿਸ ਕਾਰਨ ਸੰਬੰਧਿਤ ਕਰਮਚਾਰੀ ਪਦ-ਉੱਨਤੀ ਲਈ ਅਯੋਗ ਬਣਦਾ ਹੋਵੇ ਤਾਂ ਅਜਿਹੇ ਕਰਮਚਾਰੀ ਦੀ ਪਦ-ਉੱਨਤੀ ਤੁਰੰਤ ਪ੍ਰਭਾਵ ਤੋਂ ਰੱਦ ਸਮਝੀ ਜਾਵੇਗੀ ਅਤੇ ਤੱਥ ਛੁਪਾਉਣ/ ਗਲਤ ਪਦ-ਉੱਨਤੀ ਕਲੇਮ ਕਰਨ ਦੇ ਦੋਸ਼ ਅਧੀਨ ਉਸ ਦੇ ਵਿਰੁੱਧ ਵਿਭਾਗੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

3) ਉਕਤ ਪਦ-ਉੱਨਤ ਕਰਮਚਾਰੀਆਂ ਵਿਚੋਂ ਜੇਕਰ ਕਿਸੇ ਕਰਮਚਾਰੀ ਦੀ ਪਦ-ਉੱਨਤੀ ਉਸਦੇ ਜੂਨੀਅਰ ਦੀ ਪਦ-ਉੱਨਤੀ ਨਾਲ ਤੁਲਨਾ ਕਰਕੇ ਲੈਫਟ ਆਊਟ ਕੇਸਾਂ ਅਧੀਨ ਵਿਚਾਰੀ ਜਾਣੀ ਬਣਦੀ ਹੈ ਤਾਂ ਉਹ ਪਦ-ਉੱਨਤੀ ਉਪਰੰਤ ਅਲਾਟ ਸਟੇਸ਼ਨ ਤੇ ਹਾਜਰ ਹੋਣ ਉਪਰੰਤ ਆਪਣੀ ਪ੍ਰਤੀ-ਬੇਨਤੀ ਯੋਗ ਪ੍ਰਣਾਲੀ ਰਾਹੀਂ ਵਿਭਾਗ ਨੂੰ ਭੇਜ ਸਕਦਾ ਹੈ।

4) ਸਿਵਲ ਅਪੀਲ ਨੰਬਰ 1385 ਆਫ 2025 ANJUMAN ISHAT-E-TALEEM TRUST V/s STATE OF MAHARASHTRA ਅਤੇ ਹੋਰਨਾਂ ਕੁਨੈਕਟਡ ਕੇਸਾਂ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ Teacher Eligibility Test ਸਬੰਧੀ ਦਿੱਤੇ ਗਏ ਫੈਸਲੇ / ਮਿਤੀ 01.09.2025 ਅਧੀਨ ਪਦ-ਉੱਨਤੀ ਦੇ ਹੁਕਮ ਜਾਰੀ ਹੋਣ ਦੀ ਮਿਤੀ ਤੋਂ 2 ਸਾਲ ਦੇ ਅੰਦਰ-2 PSTET-2 ਪਾਸ ਕਰਨਾ ਲਾਜਮੀ ਹੈ।

ਜੇਕਰ ਨਿਰਧਾਰਿਤ ਸਮੇਂ ਦੇ ਅੰਦਰ ਕਰਮਚਾਰੀ PSTET-2 ਪਾਸ ਨਹੀਂ ਕਰਦਾ ਤਾਂ ਉਸਨੂੰ ਮੁਢਲੇ ਕਾਡਰ ਵਿੱਚ Revert ਕਰ ਦਿੱਤਾ ਜਾਵੇਗਾ।

5) ਸਬੰਧਤ ਕਰਮਚਾਰੀ / ਕਰਮਚਾਰਨ ਪਦ-ਉੱਨਤੀ ਵਾਲੇ ਸਟੇਸ਼ਨ ਤੇ ਹਾਜਰ ਹੋਣ ਦੀ ਸੂਰਤ ਵਿੱਚ ਆਪਣਾ ਪਦ-ਉੱਨਤੀ / ਸੇਵਾ ਰਿਕਾਰਡ ਸਬੰਧੀ ਡਾਟਾ, ਸਟੇਸ਼ਨ ਅਲਾਟਮੈਂਟ ਦੇ ਹੁਕਮ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-2 ਈ-ਪੰਜਾਬ ਪੋਰਟਲ ਤੇ ਅਪਡੇਟ ਕਰਨਾ ਯਕੀਨੀ ਬਣਾਉਣਗੇ। ਅਲਾਟ ਕੀਤੇ ਗਏ ਸਟੇਸ਼ਨ ਤੇ ਹਾਜਰ ਨਾ ਹੋਣ ਅਤੇ ਨਿਰਧਾਰਿਤ ਸਮੇਂ ਦੇ ਅੰਦਰ ਡਾਟਾ ਅਪਡੇਟ ਨਾ ਕਰਨ ਦੀ ਸੂਰਤ ਵਿੱਚ, ਸਬੰਧਤ ਕਰਮਚਾਰੀ / ਕਰਮਚਾਰਨ ਨੂੰ ਪੰਜਾਬ ਸਿਵਲ ਸੇਵਾਵਾਂ (ਜਨਰਲ ਅਤੇ ਕਾਮਨ ਕੰਡੀਸ਼ਨ ਆਫ ਸਰਵਿਸ) ਰੂਲਜ਼ 1994 ਦੇ ਨਿਯਮ 8(2) ਤਹਿਤ 2 ਸਾਲ ਦੇ ਸਮੇਂ ਲਈ ਪਦ-ਉੱਨਤੀ ਦੇ ਹੱਕ ਤੋਂ ਡੀ-ਬਾਰ ਕਰ ਦਿੱਤਾ ਜਾਵੇਗਾ। ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਡੀ-ਬਾਰ ਸਬੰਧੀ ਕਾਰਵਾਈ ਈ-ਪੰਜਾਬ ਪੋਰਟਲ ਤੇ ਅਪਲੋਡ ਡਾਟੇ ਦੇ ਆਧਾਰ ਤੇ ਹੀ ਕੀਤੀ ਜਾਵੇਗੀ। ਇੰਨਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਸਬੰਧਤ ਕਰਮਚਾਰੀ ਅਤੇ ਸਬੰਧਤ ਸਕੂਲ ਮੁਖੀ ਵਿਰੁੱਧ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਸਬੰਧਤ ਸਕੂਲ ਮੁਖੀ ਵੱਲੋਂ ਡੀ-ਬਾਰ ਹੋਣ ਵਾਲੇ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਵਿੱਚ ਇਸ ਦਾ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇਗਾ।

ਗੁਰਿੰਦਰ ਸਿੰਘ ਸੋਢੀ, ਪੀ.ਸੀ.ਐਸ.
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਪਿੱਠ ਅੰਕਣ ਨੰਬਰ- ਉਕਤ/2025372896 ਮਿਤੀ, ਐਸ.ਏ.ਐਸ.ਨਗਰ- 24-12-2025

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।
2. ਡਾਇਰੈਕਟਰ, ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ।
3. ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ / ਐਲੀਮੈਂਟਰੀ), ਯੂ.ਟੀ. ਪ੍ਰਸ਼ਾਸ਼ਨ, ਚੰਡੀਗੜ੍ਹ।
4. ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ / ਐਲਿ), ਯੂ.ਟੀ. ਪ੍ਰਸ਼ਾਸ਼ਨ, ਚੰਡੀਗੜ੍ਹ।
5. ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸ਼ਰਤਾਂ ਅਧੀਨ ਸਬੰਧਤ ਕਰਮਚਾਰੀਆਂ ਦੇ ਵੇਰਵੇ, ਕਰਮਚਾਰੀਆਂ ਨੂੰ ਫਾਰਗ / ਹਾਜਰ ਕਰਵਾਉਣ ਸਮੇਂ ਮੁੜ ਚੈੱਕ ਕਰ ਲਏ ਜਾਣ ਅਤੇ ਉਕਤ ਸ਼ਰਤਾਂ ਅਧੀਨ ਹੀ ਅਗਲੇਰੀ ਕਾਰਵਾਈ ਕੀਤੀ ਜਾਵੇ। ਪੰਜਾਬ ਰਾਜ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਯੋਗਤਾ ਹਾਸਲ ਕਰਨ ਵਾਲੇ ਕਰਮਚਾਰੀਆਂ ਦੀ ਯੋਗਤਾ ਯੂ.ਜੀ.ਸੀ. ਦੀਆਂ ਗਾਈਡਲਾਈਨਜ ਅਤੇ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਧੀਨ ਵੈਰੀਫਾਈ ਕੀਤੀ ਜਾਵੇ। ਪਦ-ਉੱਨਤ ਕੀਤੇ ਗਏ ਉਕਤ ਕਰਮਚਾਰੀਆਂ ਨੂੰ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਤੇ ਵਿਭਾਗੀ ਨਿਯਮਾਂ ਅਧੀਨ ਕੇਸ ਚੈੱਕ ਕਰਨ ਉਪਰੰਤ ਹੀ ਕਰਮਚਾਰੀਆਂ ਨੂੰ ਫਾਰਗ / ਹਾਜਰ ਕਰਵਾਇਆ ਜਾਵੇ। ਜੇਕਰ ਕਿਸੇ ਕਰਮਚਾਰੀ ਦਾ ਕੇਸ ਕਿਸੇ ਵੀ ਤਰਾਂ ਨਾਲ ਅਯੋਗ ਪਾਇਆ ਜਾਂਦਾ ਹੈ ਤਾਂ ਤੁਰੰਤ ਅਗਵਾਈ ਲਈ ਵਾਪਿਸ ਭੇਜਿਆ ਜਾਵੇ।
6. ਸਬੰਧਤ ਡੀ.ਡੀ.ਓ. ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪਦ-ਉੱਨਤ ਕਰਮਚਾਰੀ ਦੀ ਹਰ ਪੱਖੋਂ ਯੋਗਤਾ ਨੂੰ ਵੈਰੀਫਾਈ ਕਰਦਿਆਂ ਉਕਤ ਵਰਣਿਤ ਸ਼ਰਤਾਂ ਅਧੀਨ ਹੀ ਕਰਮਚਾਰੀਆਂ ਨੂੰ ਫਾਰਗ / ਹਾਜਰ ਕਰਵਾਇਆ ਜਾਵੇ।
7. ਸਬੰਧਤ ਕਰਮਚਾਰੀ।
8. ਪੀ-2 ਸੀਟ, ਪ੍ਰਮੋਸ਼ਨ ਸੈੱਲ, ਦ.ਡੀ.ਐਸ.ਈ. (ਸੈਕੰਡਰੀ) ਪੰਜਾਬ ।

24/12/25
ਸੁਪਰਡੈਂਟ (ਪ੍ਰਮੋਸ਼ਨ)
2142